## ਜਮਾਤ ਨੌਂਵੀ ਵਿਸ਼ਾ-ਪੰਜਾਬੀ

- ## ਨਾਵਲ:- ਇਕ ਹੋਰ ਨਵਾਂ ਸਾਲ
- ## ਨਾਵਲਕਾਰ:- ਨਰਿੰਜਨ ਤਸਨੀਮ

# ਮਹੱਤਵਪੂਰਨ ਪ੍ਰਸੰਗ ਸਹਿਤ ਵਿਆਖਿਆ

👉 ਕਿੱਥੇ ਰਾਜਾ ਭੋਜ, ਕਿੱਥੇ ਗੰਗੂ ਤੇਲੀ .........ਅਸੀਂ ਤਾਂ ਉਹਨਾਂ ਦੇ ਪਾਸਕੂ ਵੀ ਨਹੀਂ ਮਿੰਦਰ ਦੀ ਝਾਈ.........

ਪ੍ਰਸੰਗ:- ਇਹ ਸ਼ਬਦ ਨਿਰੰਜਨ ਤਸਨੀਮ ਦੇ ਨਾਵਲ ਇੱਕ ਹੋਰ ਨਵਾਂ ਸਾਲ ਵਿਚ ਬੰਤੇ ਦੇ ਰਿਕਸ਼ੇ ਉੱਤੇ ਸਵਾਰ ਪਤੀ ਆਪਣੀ ਪਤਨੀ ਨੂੰ ਓਦੋਂ ਕਹਿੰਦਾ ਹੈ ਜਦੋਂ ਉਹ ਕਹਿੰਦੀ ਹੈ ਕੇ ਅਮਰੀਕਾ ਦੇ ਮੁਕਾਬਲੇ ਸਾਡਾ ਦੇਸ਼ ਵੀ ਘੱਟ ਅਮੀਰ ਨਹੀਂ।

ਵਿਆਖਿਆ:-ਪਤੀ ਆਪਣੀ ਪਤਨੀ ਨੂੰ ਆਖਦਾ ਹੈ ਕੇ ਸਾਡਾ ਦੇਸ਼ ਅਮਰੀਕਾ ਦੀ ਅਮੀਰੀ ਦੇ ਮੁਕਾਬਲੇ ਬਹੁਤ ਥੱਲੇ ਹੈ। ਅਸੀਂ ਉਹਨਾਂ ਦੀ ਜ਼ਰਾ ਜਿੰਨੀ ਵੀ ਬਰਾਬਰੀ ਨਹੀਂ ਕਰ ਸਕਦੇ। ਅਸੀਂ ਤਾਂ ਬਹੁਤ ਹੇਠਲੇ ਦਰਜ਼ੇ ਦੇ ਗਰੀਬ ਹਾਂ।

👉 ........ਪਰ ਗੱਲ ਸੁਣ ਬੰਤਿਆ ,ਦੱਸ ਤਾਂ ਸਈ , ਭਲਾ ਜੇ ਉਹ ਪੁੱਛੇ , ਤਾਂ ਤੂੰ ਕਿਹੜੀ ਜੂਨ ਮੰਗੇਗਾ। ਮੈਂ ਉਸ ਨੀ ਕਵ੍ਹਾ, ਕਿਸੇ ਵੀ ਜੂਨ ਵਿਚ ਪਾ ਦੇਹ, ਸਾਨੂੰ ਕੋਈ ਫ਼ਰਕ ਨਹੀਂ ਪੈਂਦਾ.........ਆਪਾ ਬੰਦੇ ਦੀ ਜੂਨ ਭੋਗੀ ਹੋਈ ਹੈ.............।

ਪ੍ਰਸੰਗ:- ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ'ਇਕ ਹੋਰ ਨਵਾਂ ਸਾਲ' ਵਿਚ

ਬੰਤੇ ਆਪਣੇ ਆਪ ਨੂੰ ਉਦੋਂ ਕਹੇ, ਜਦੋ ਉਹ ਇਕ ਚਾਹ ਵੇਚਣ ਵਾਲੇ ਤੋਂ ਚਾਹ ਪੀਂਦਾ ਹੋਇਆ ਚੁਰਾਸੀ ਲੱਖ ਜੂਨਾਂ ਪਿੱਛੋਂ ਆਪਣੇ ਬੰਦੇ ਦੀ ਜੂਨ ਵਿਚ ਪੈਣ ਬਾਰੇ ਸੋਚਦਾ ਹੈ

ਵਿਆਖਿਆ:- ਬੰਤਾ ਸੋਚਦਾ ਹੈ ਕੇ ਜੇਕਰ ਰੱਬ ਉਸਨੂੰ ਪੁੱਛ ਲਵੇ ਕਿ ਉਸ ਨੇ ਕਿਹੜੀ ਜੂਨ ਵਿਚ ਪੈਣਾ ਹੈ, ਤਾਂ ਉਹ ਉਸ ਨੂੰ ਕਹੇਗਾ ਕਿ ਉਹ ਉਸ ਨੂੰ ਜਿਹੜੀ ਮਰਜ਼ੀ ਜੂਨ ਵਿਚ ਪਾ ਦੇਵੇ, ਇਸ ਨਾਲ ਉਸਨੂੰ ਕੋਈ ਫ਼ਰਕ ਨਹੀਂ ਪੈਂਦਾ , ਕਿਉਂਕਿ ਉਸਨੇ ਬੰਦੇ ਦੀ ਜੂਨ ਭੋਗ ਕੇ ਵੇਖ ਲਈ ਹੈ ਤੇ ਉਸ ਬਾਰੇ ਉਸਨੂੰ ਸਭ ਪਤਾ ਹੈ।

👉'ਆਪਾ ਵੀ ਆਪਣੀਆਂ ਦੋਹਾਂ ਕਾਕੀਆਂ ਨੂੰ ਉਹਨਾਂ ਹੀ ਪੜ੍ਹਾਉਣਾ,ਜਿੰਨ੍ਹਾ ਕਿ ਫੁੰਮਣ ਨੂੰ।''

ਪ੍ਰਸੰਗ:- ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇਕ ਹੋਰ ਨਵਾਂ ਸਾਲ' ਵਿਚ ਬੰਤੇ ਨੇ ਆਪਣੇ ਆਪ ਨੂੰ ਉਦੋਂ ਕਹੇ,ਜਦੋ ਉਹ ਉਸ ਪਤੀ-ਪਤਨੀ ਦੀਆਂ ਆਪਣੇ ਬੱਚਿਆਂ ਬਾਰੇ ਗੱਲਾਂ ਸੁਣਦਾ ਹੈ, ਜਿਹੜੇ ਪੰਜਾਂ ਕੁੜੀਆਂ ਪਿੱਛੋਂ ਹੋਏ ਆਪਣੇ ਮੁੰਡੇ ਨੂੰ ਦਰਬਾਰ ਸਾਹਿਬ ਮੱਥਾ ਟਿਕਾ ਕੇ ਆਏ ਸਨ।

ਵਿਆਖਿਆ:- ਬੰਤਾ ਆਪਣੇ ਆਪ ਨੂੰ ਆਖਦਾ ਹੈ ਕੇ ਉਹ ਆਪਣੀਆਂ ਦੋਨੋਂ ਕੁੜੀਆਂ ਨੂੰ ਉਨ੍ਹਾਂ ਹੀ ਪੜ੍ਹਾਏਗਾ ਜਿੰਨ੍ਹਾ ਆਪਣੇ ਮੁੰਡੇ ਫੁੰਮਣ ਨੂੰ ਪੜ੍ਹਾਇਆ ਹੈ ਉਹ ਮੁੰਡੇ ਤੇ ਕੁੜੀ ਵਿੱਚ ਕੋਈ ਵਿਕਤਰਾ ਨਹੀਂ ਕਰੇਗਾ।

👉'ਕਿਵੇਂ ਨਾ ਲੱਭੂ.........ਪੜ੍ਹਨ ਦੇ ਹਾਲੇ ਗੁੱਡੀ ਨੂੰ ਦਿਲ ਲ਼ਾ ਕੇ।''

ਪ੍ਰਸੰਗ:- ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ'ਇਕ ਹੋਰ ਨਵਾਂ ਸਾਲ' ਵਿਚ ਬੰਤੇ ਦੇ ਰਿਕਸ਼ੇ ਵਿਚ ਗੁਰੂ ਰਾਮਦਾਸ ਸਰਾਂ ਦੇ ਕੋਲੋ ਰਾਮਾ ਨੰਦ ਦੇ ਬਾਗ਼ ਜਾਣ ਲਈ ਬੈਠੇ ਪਤੀ-ਪਤਨੀ ਵਿੱਚੋਂ ਪਤੀ ਪਤਨੀ ਨੂੰ ਉਦੋਂ ਕਹਿੰਦਾ ਹੈ, ਜਦੋਂ ਉਹ ਆਪਣੀ ਧੀ ਸਵਰਨੀ ਦੇ ਰਿਸ਼ਤੇ ਲਈ ਦੱਸੇ ਗਏ ਪਿਪਲੀ ਨਿਵਾਸੀ ਕਾਲਜ ਪੜ੍ਹਦੇ ਮੁੰਡੇ ਨੂੰ ਰੋਕਣ ਦੀ ਉਸ (ਪਤਨੀ) ਦੀ ਤਜਵੀਜ਼ ਨਾਲ ਸਹਿਮਤ ਨਹੀਂ ਹੁੰਦਾ ਤੇ

ਕਹਿੰਦਾ ਹੈ ਕਿ ਉਹ ਮੁੰਡੇ ਨੂੰ ਉਦੋਂ ਹੀ ਰੋਕਣਗੇ,ਜਦੋ ਵਿਆਹ ਕਰਨਾ ਹੋਵੇਗਾ।

ਵਿਆਖਿਆ:- ਪਤੀ ਪਤਨੀ ਦੀ ਗੱਲ ਨੂੰ ਰੱਦ ਕਰਦਾ ਹੋਇਆ ਕਹਿੰਦਾ ਹੈ ਕਿ ਇਹ ਨਹੀਂ ਹੋ ਸਕਦਾ ਕਿ ਉਹਨਾਂ ਨੂੰ ਯੋਗ ਮੁੰਡਾ ਨਾ ਲੱਭੇ। ਉਸ ਨੂੰ ਚਾਹੀਦਾ ਹੈ ਕਿ ਉਹ ਇਸ ਸਮੇਂ ਰਿਸ਼ਤੇ ਵਲ ਧਿਆਨ ਦੇਣ ਦੀ ਥਾਂ ਕੁੜੀ ਨੂੰ ਮਨ ਲ਼ਾ ਕੇ ਪੜ੍ਹਨ ਦੇਵੇ।

👉'ਪਰ ਭੈਣ, ਵਿਆਹ ਤਾਂ ਹਾਲੀ ਸਾਲ ਦੋ ਸਾਲ ਠਹਿਰ ਕੇ ਈ ਕਰਨਾ ਏ, ਪੜ੍ਹਦੀ ਰਹਿਣ ਦੇ ਸੂ-ਕਾਲਜੋ ਕਾਹਨੂੰ ਉਠਾਲਣਾ ਹੋਇਆ।"

ਪ੍ਰਸੰਗ:- ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇਕ ਹੋਰ ਨਵਾਂ ਸਾਲ' ਵਿਚ ਬੰਤੇ ਦੇ ਰਿਕਸ਼ੇ ਵਿਚ ਰਿਸ਼ਤੇ ਦੇ ਸੰਬੰਧ ਵਿਚ ਗੁਰੂ ਬਜ਼ਾਰ ਜਾਣ ਲਈ ਬੈਠੀਆ ਦੋ ਔਰਤਾਂ ਵਿਚੋਂ ਵਿਚੋਲਣ ਲਾਜੋ ਨੇ ਆਪਣੇ ਨਾਲ ਬੈਠੀ ਮੁੰਡੇ ਦੀ ਮਾਂ ਨੂੰ ਉਦੋਂ ਕਹੇ, ਜਦੋਂ ਉਹ ਕਹਿੰਦੀ ਹੈ ਕਿ ਉਹ ਕੁੜੀ ਨੂੰ ਹੋਰ ਅੱਗੇ ਪੜ੍ਹਾਉਣ ਦੇ ਹੱਕ ਵਿਚ ਨਹੀਂ।

ਵਿਆਖਿਆ:- ਵਿਚੋਲਣ ਲਾਜੋ ਨੇ ਮੁੰਡੇ ਦੀ ਮਾਂ ਨੂੰ ਕਿਹਾ ਕਿ ਅਜੇ ਵਿਆਹ ਤਾਂ ਦੋ ਸਾਲ ਠਹਿਰ ਕੇ ਕਰਨਾ ਹੈ, ਇਸ ਕਰਕੇ ਉਹ ਕੁੜੀ ਨੂੰ ਕਾਲਜ ਵਿਚੋਂ ਪੜ੍ਹਨ ਤੋਂ ਹਟਾਉਣ ਲਈ ਕਿਉਂ ਕਹਿੰਦੀ ਹੈ। ਉਹ ਅਜਿਹਾ ਨਾ ਕਰੇ, ਤਾਂ ਠੀਕ ਹੈ।

👉'ਲਾਜੋ ਜੇ ਇਹ ਕੁੜੀ ਪਸੰਦ ਆ ਗਈ ਤਾਂ ਮੈਂ ਮੁੰਦਰੀ ਪਾ ਦੇਣੀ ਏ, ਓਹਨੂੰ.......।'

ਪ੍ਰਸੰਗ:-ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇਕ ਹੋਰ ਨਵਾਂ ਸਾਲ' ਵਿਚ ਬੰਤੇ ਦੇ ਰਿਕਸ਼ੇ ਵਿਚ ਰਿਸ਼ਤੇ ਦੇ ਸੰਬੰਧ ਵਿਚ ਕੁੜੀ ਵੇਖਣ ਲਈ ਗੁਰੂ ਬਜ਼ਾਰ ਜਾ ਰਹੀਆਂ ਦੋ ਔਰਤਾਂ ਵਿਚੋਂ ਮੁੰਡੇ ਦੀ ਮਾਂ ਵਿਚੋਲਣ ਲਾਜੋ ਨੂੰ ਕਹਿੰਦੀ ਹੈ।

ਵਿਆਖਿਆ:- ਮੁੰਡੇ ਦੀ ਮਾਂ ਵਿਚੋਲਣ ਨੂੰ ਕਹਿੰਦੀ ਹੈ ਕਿ ਜੇਕਰ ਕੁੜੀ ਉਸ ਨੂੰ ਪਸੰਦ ਆ ਗਈ , ਤਾਂ ਉਹ ਕੁੜੀ ਨੂੰ ਮੁੰਦਰੀ ਪਾ ਕੇ ਉਸਨੂੰ ਆਪਣੇ ਮੁੰਡੇ ਲਈ ਰੋਕ

ਲਵੇਗੀ।

👉'ਲੋਕ ਰਾਜ ਦਾ ਮਤਲਬ , ਲੋਕਾਂ ਦਾ ਰਾਜ-ਜਿਸ ਤਰ੍ਹਾਂ ਕਿ ਸਾਡੇ ਮੁਲਕ ਵਿਚ ਐ। ਲੋਕ ਈ ਰਾਜ ਕਰਦੇ ਐ, ਰਾਜੇ ਮਹਾਰਾਜੇ ਨਹੀਂ ਕਰਦੈ।'

ਪ੍ਰਸੰਗ:- ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ ' ਇਕ ਹੋਰ ਨਵਾਂ ਸਾਲ' ਵਿਚ ਬੰਤੇ ਨੇ ਆਪਣੇ ਪੁੱਤਰ ਛੁੰਮਣ ਨੂੰ ਉਦੋਂ ਕਹੇ, ਜਦੋਂ ਉਹ ਉਸ ਨੂੰ ਪੜ੍ਹਾਉਦਾ ਹੈ ਤੇ ਉਹ (ਛੁੰਮਣ) ਕਵਿਤਾ ਵਿਚ ਆਏ ਹੋਰ ਸ਼ਬਦਾਂ ਦੇ ਨਾਲ 'ਲੋਕ-ਰਾਜ' ਸ਼ਬਦ ਦਾ ਮਤਲਬ ਪੁੱਛਦਾ ਹੈ।

ਵਿਆਖਿਆ:- ਬੰਤਾ ਦੱਸਦਾ ਹੈ ਕਿ ਲੋਕ-ਰਾਜ ਦਾ ਮਤਲਬ ਹੈ, 'ਉਹ ਰਾਜ ਜੋ ਲੋਕਾਂ ਦੇ ਹੱਥ ਵਿਚ ਹੋਵੇ, ਜਿਥੋਂ ਦੀ ਸਰਕਾਰ ਲੋਕ ਵੋਟਾਂ ਪਾ ਕੇ ਚੁਣਣ। ਅਜਿਹਾ ਲੋਕ ਰਾਜ ਸਾਡੇ ਦੇਸ਼ ਵਿਚ ਵੀ ਹੈ।ਇੱਥੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਸਰਕਾਰ ਹੈ, ਨਾ ਕਿ ਰਾਜਿਆ ਦੀ ।'

👉'ਸਾਨੂੰ ਪਿੰਡਾਂ ਆਲਿਆਂ ਨੂੰ ਤਾਂ ਕੁੱਝ ਸਮਝਦੇ ਈ ਨਹੀ । ਇਕ ਤਾਂ ਪੁੱਛਦੇ ਐ ਸਾਡੇ ਅਰਗਿਆ ਨੂੰ, ਦੂਜਾ ਟਿੱਚਰਾਂ ਕਰਦੇ ਐ।'

ਪ੍ਰਸੰਗ:- ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇਕ ਹੋਰ ਨਵਾਂ ਸਾਲ' ਵਿਚ ਅੱਖਾਂ ਦੇ ਹਸਪਤਾਲ ਆਪਣੀ ਪਤਨੀ ਦੀ ਦੇਖ-ਭਾਲ ਲਈ ਜਾਣ ਖ਼ਾਤਰ ਬੰਤੇ ਦੇ ਰਿਕਸ਼ੇ ਵਿੱਚ ਬੈਠੇ ਇਕ ਬੁੱਢੇ ਨੇ ਕਹੇ। ਉਹ ਦੱਸਦਾ ਹੈ ਕਿ ਹਾਸਪਤਾਲ ਦਾ ਡਾਕਟਰ ਤਾਂ ਚੰਗਾ ਹੈ , ਪਰ ਉੱਪਰਲੇ ਕੰਮ ਕਰਨ ਵਾਲੇ ਰਿਸ਼ਵਤਖ਼ੋਰ ਹਨ।

ਵਿਆਖਿਆ:- ਬੁੱਢੇ ਨੇ ਕਿਹਾ ਕਿ ਹਸਪਤਾਲ ਵਿਚ ਉੱਪਰਲੇ ਕੰਮ ਕਰਨ ਵਾਲੇ ਉਹਨਾਂ ਨੂੰ ਕੁਝ ਨਹੀਂ ਸਮਝਦੇ ਹੀ ਨਹੀਂ। ਉਹ ਸਾਥੋਂ ਪੈਸੇ ਵੀ ਲੈਂਦੇ ਹਨ ਤੇ ਨਾਲ ਮਖ਼ੌਲ ਵੀ ਕਰਦੇ ਹਨ। ਉਹ ਤਾਂ ਸਿਰਫ਼ ਅਮੀਰਾਂ ਦੀ ਹੀ ਪ੍ਰਵਾਹ ਕਰਦੇ ਹਨ।

👉'ਇਹਨਾਂ ਨੂੰ ਵੀ ਸੈਰ ਕਰਾ ਦੇ,ਇਹ ਕੋਈ ਮਤਰੇਈਆਂ ਤਾਂ ਨਹੀਂ ।"

ਪ੍ਰਸੰਗ:- ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇਕ ਹੋਰ ਨਵਾਂ ਸਾਲ ' ਵਿਚ ਤਾਰੋ ਨੇ ਬੰਤੇ ਨੂੰ ਉਦੋਂ ਕਹੇ , ਜਦੋ ਉਹ ਦੁਪਹਿਰ ਪਿੱਛੋਂ ਘਰੋਂ ਰਿਕਸ਼ਾ ਲੈ ਕੇ ਜਾਣ ਸਮੇਂ ਫੁੰਮਣ ਨੂੰ ਵਿਚ ਬਿਠਾ ਕੇ ਉਸ ਨੂੰ ਸੈਰ ਕਰਾਉਣ ਦੀ ਗੱਲ ਕਹਿੰਦਾ ਹੈ

ਵਿਆਖਿਆ:- ਇਸ ਸਮੇਂ ਤਾਰੋ ਨੇ ਬੰਤੇ ਨੂੰ ਕਿਹਾ ਕਿ ਉਹ ਇਕੱਲੇ ਫੁੰਮਣ ਨੂੰ ਕਿਉਂ ਸੈਰ ਕਰਾਉਣ ਲਈ ਲਿਜਾਂਦਾ ਹੈ, ਉਹ ਕੁੜੀਆਂ ਨੂੰ ਵੀ ਨਾਲ ਬਿਠਾਏ ,ਕਿਉਂਕਿ ਉਹ ਵੀ ਫੁੰਮਣ ਵਾਂਗ ਉਸਦੀਆਂ ਆਪਣੀਆਂ ਹਨ।

👉'ਰੋਣਾ ਤਾਂ ਇਹ ਹੈ ਕੇ ਫੇਰ ਵੀ ਪੂਰੀ ਨਹੀਂ ਪੈਂਦੀ। ਹੱਡ ਟੁੱਟ ਜਾਂਦੇ ਐ ਰਾਤ ਤੀਕ, ਪਰ ਢਿੱਡ ਭਰਨ ਜੋਗੇ ਪੈਸੇ ਨਹੀਂ ਬਣਦੇ।"

ਪ੍ਰਸੰਗ:- ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ 'ਇਕ ਹੋਰ ਨਵਾਂ ਸਾਲ' ਵਿਚ ਦਿਆਲੇ ਨੇ ਬੰਤੇ ਨੂੰ ਉਦੋਂ ਕਹੇ, ਜਦੋ ਉਹ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲੀ ਪ੍ਰੋਫੈਸਰਨੀ ਨੂੰ ਖ਼ਾਲਸਾ ਕਾਲਜ ਤੋਂ ਘਰ ਛੱਡ ਕੇ ਆਉਂਦਾ ਬਹੁਤ ਖੁਸ਼ ਹੁੰਦਾ ਹੈ ਤੇ ਨਾਲ ਹੀ ਬੰਤੇ ਨਾਲ ਆਪਣੇ ਤੰਗੀਆਂ ਤੁਰਸ਼ੀਆਂ ਤੇ ਗਰੀਬੀ ਨਾਲ ਭਰੇ ਜੀਵਨ ਦੀ ਗੱਲ ਕਰਦਾ ਹੈ ਤੇ ਬੰਤਾ ਕਹਿੰਦਾ ਹੈ ਕਿ ਮਿਹਨਤ ਕਰਕੇ ਹੀ ਉਹਨਾਂ ਨੂੰ ਖਾਣ ਨੂੰ ਮਿਲੇਗਾ।

ਵਿਆਖਿਆ:- ਬੰਤੇ ਦੀ ਗੱਲ ਸੁਣ ਕੇ ਦਿਆਲਾ ਕਹਿੰਦਾ ਹੈ ਕਿ ਦੁਖ ਤਾਂ ਇਸੇ ਗੱਲ ਦਾ ਹੈ ਕਿ ਉਹ ਮਿਹਨਤ-ਮੁਸ਼ੱਕਤ ਵੀ ਬਥੇਰੀ ਕਰਦੇ ਹਨ। ਰਾਤ ਤੱਕ ਰਿਕਸ਼ਾ ਚਲਾਉਦਿਆਂ ਉਹਨਾਂ ਦੇ ਹੱਡ ਟੁੱਟ ਜਾਂਦੇ ਹਨ, ਪਰੰਤੂ ਫਿਰ ਵੀ ਉਹਨਾਂ ਕੋਲ ਟੱਬਰ ਦਾ ਢਿੱਡ ਭਰਨ ਜੋਗੇ ਪੈਸੇ ਨਹੀਂ ਹੁੰਦੇ।

👉'ਖੇਡਿਆ-ਮੱਲ੍ਹਿਆ ਕਰ ਨਾ ਬੱਚਿਆਂ ਨਾਲ, ਤੂੰ ਤਾਂ ਉਹਨਾਂ ਨੂੰ ਬੁਲਾਂਦੀ ਨਹੀਂ।"

ਪ੍ਰਸੰਗ:-ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ' ਇਕ ਹੋਰ ਨਵਾਂ ਸਾਲ' ਵਿਚ ਕੁਸਮ ਦੇ ਵਡੇਰੀ ਉਮਰ ਦੇ ਬਾਪ ਨੇ ਆਪਣੀ ਜੁਆਨ ਪਤਨੀ ਨੂੰ ਉਦੋਂ ਕਹੇ, ਜਦੋ ਉਹ ਕਹਿੰਦੀ ਹੈ ਕਿ ਉਸਨੂੰ ਚੰਗੇ ਕੱਪੜੇ ਪਾਉਣੇ ਚੰਗੇ ਨਹੀਂ ਲਗਦੇ ਤੇ ਉਸ ਨੂੰ ਭੁੱਖ ਵੀ ਨਹੀਂ ਲਗਦੀ।

ਵਿਆਖਿਆ:- ਵਡੇਰੀ ਉਮਰ ਦਾ ਪਤੀ ਆਪਣੀ ਜੁਆਨ ਪਤਨੀ ਨੂੰ ਆਖਦਾ ਹੈ ਕਿ ਉਹ ਉਸ ਦੇ ਬੱਚਿਆਂ ਨਾਲ ਖੇਡ ਮੱਲ੍ਹ ਕੇ ਖੁਸ਼ ਰਿਹਾ ਕਰੇ, ਪਰ ਓਹ ਤਾਂ ਉਹਨਾਂ ਨੂੰ ਬੁਲਾਉਂਦੀ ਵੀ ਨਹੀਂ। ਇਹ ਠੀਕ ਨਹੀਂ।

👉'ਜਾਏਗੇ ਤੋਂ ਸਹੀ, ਪਰ ਅਭੀ ਨਹੀਂ, ਬਹੁਤ ਦੇਰ ਬਾਅਦ, ਸਾਹਿਬ ਦੀ ਗਾੜ੍ਹੀ, ਛੋੜ ਆਏਗੀ ਉਨ੍ਹੂੰ।"

ਪ੍ਰਸੰਗ:-ਇਹ ਸ਼ਬਦ ਨਰਿੰਜਨ ਤਸਨੀਮ ਦੇ ਨਾਵਲ' ਇਕ ਹੋਰ ਨਵਾਂ ਸਾਲ' ਵਿਚ ਵਰਦੀ ਵਾਲੇ ਆਦਮੀ ਨੇ ਬੰਤੇ ਨੂੰ ਉਦੋਂ ਕਹੇ, ਜਦੋਂ ਸੁਸ਼ਮਾ ਤੇ ਉਸ ਦੇ ਪਤੀ ਨੂੰ ਛਾਉਣੀ ਵਿਖੇ ਅਫ਼ਸਰ ਦੀ ਕੋਠੀ ਉੱਤੇ ਛੱਡਣ ਮਗਰੋਂ, ਬਾਹਰ ਖੜੇ ਉਸ (ਵਰਦੀ ਵਾਲੇ) ਤੋਂ ਪੁੱਛਦਾ ਹੈ ਕਿ ਜਿੰਨ੍ਹਾਂ ਨੂੰ ਲਿਆਇਆ ਹੈ, ਉਹ ਵਾਪਸ ਕਦੋਂ ਜਾਣਗੇ।

ਵਿਆਖਿਆ:- ਵਰਦੀ ਵਾਲਾ ਬੰਤੇ ਨੂੰ ਆਖਦਾ ਹੈ ਕਿ ਉਹ ਵਾਪਸ ਆ ਜਾਣਗੇ ਪਰ ਅਜੇ ਨਹੀਂ। ਉਹਨਾਂ ਨੂੰ ਕਾਫ਼ੀ ਦੇਰ ਲੱਗ ਜਾਵੇਗੀ। ਉਹ ਉਹਨਾਂ ਨੂੰ ਨਾ ਉਡੀਕੇ। ਉਨ੍ਹਾਂ ਨੂੰ ਸਾਹਿਬ ਦੀ ਗੱਡੀ ਘਰ ਛੱਡ ਆਵੇਗੀ।

ਵਤਨ ਸਿੰਘ ਸੰਧੂ ਪੰਜਾਬੀ ਮਾਸਟਰ ਮੋ 98555-39200